ਹੋਰ ਵਰਚੂਅਲ ਅਤੇ ਮੋਬਾਈਲ ਸੇਵਾਵਾਂ (ਅੰਗਰੇਜ਼ੀ ਵਿੱਚ) ਲੱਭਣ ਲਈ ਕੋਡ ਨੂੰ ਸਕੈਨ ਕਰੋ।

legalaid.bc.ca/flc

ਇਹ ਜਾਣਨ ਲਈ ਕਿ ਕੀ ਤੁਸੀਂ ਸੇਵਾ ਲੈਣ ਦੇ ਯੋਗ ਹੋ **Legal Aid BC ਦੇ ਕਾਲ ਸੈਂਟਰ ਨੂੰ ਕਾਲ ਕਰੋ:**

**604-408-2172** (ਗਰੇਟਰ ਵੈਨਕੂਵਰ)
**1-866-577-2525** (ਬੀ ਸੀ ਵਿੱਚ ਕਿਤੋਂ ਵੀ)

ਜਾਂ **Legal Aid BC** ਦੀ ਆਪਣੀ ਸਥਾਨਕ ਲੋਕੇਸ਼ਨ ਨਾਲ ਸੰਪਰਕ ਕਰੋ। ਲੋਕੇਸ਼ਨ ਅਤੇ ਖੁੱਲ੍ਹਣ ਦੇ ਸਮੇਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਥਾਂ ਤੋਂ ਲੱਭੋ:

**legalaid.bc.ca**
(Contact us → Our locations `ਤੇ ਕਲਿੱਕ ਕਰੋ)

Legal Aid BC

Punjabi

# ਫੈਮਿਲੀ ਲਾਅ ਸੈਂਟਰ

(Family Law Centre)

**ਕੀ ਤੁਹਾਡੇ ਨਾਲ ਪਰਿਵਾਰਕ ਹਿੰਸਾ ਵਾਪਰ ਰਹੀ ਹੈ?**

**ਤੁਸੀਂ ਫੈਮਿਲੀ ਲਾਅ ਸੈਂਟਰ ਕੋਲੋਂ ਮੁਫਤ ਕਾਨੂੰਨੀ ਸਹਾਇਤਾ ਲੈਣ ਦੇ ਯੋਗ ਹੋ ਸਕਦੇ ਹੋ।**

## ਹੋਰ ਮਦਦ ਲਉ (Get more help)

ਸਾਡੀਆਂ ਦੂਸਰੀਆਂ ਸੇਵਾਵਾਂ ਬਾਰੇ ਹੋਰ ਜਾਣੋ:

- **legalaid.bc.ca/services**

**legalaid.bc.ca**

**@legalaidbc**

Legal Aid BC

ਕੋਸਟ ਸੈਲਿਸ਼ ਲੋਕਾਂ ਦੇ ਰਵਾਇਤੀ ਅਣਸੌਂਪੇ ਇਲਾਕਿਆਂ ਜਿਨ੍ਹਾਂ ਵਿੱਚ xʷməθkʷəy̓əm (Musqueam), Sḵwx̱wú7mesh (Squamish), ਅਤੇ səl̓ílwətaʔɬ/ Selilwitulh (Tsleil Waututh) ਨੇਸ਼ਨਾਂ ਦੇ ਇਲਾਕੇ ਸ਼ਾਮਲ ਹਨ, ਤੋਂ ਪ੍ਰਕਾਸ਼ਿਤ ਕੀਤਾ ਗਿਆ।



ਜੇ ਤੁਹਾਡੇ ਨਾਲ ਪਰਿਵਾਰਕ ਹਿੰਸਾ ਵਾਪਰੀ ਹੈ ਅਤੇ ਤੁਸੀਂ ਕਾਨੂੰਨੀ ਨੁਮਾਇੰਦਗੀ ਦਾ ਖਰਚਾ ਨਹੀਂ ਦੇ ਸਕਦੇ, ਤੁਸੀਂ ਮੁਫਤ ਵਕੀਲ ਅਤੇ ਐਡਵੋਕੇਟ ਲੈਣ ਦੇ ਯੋਗ ਹੋ ਸਕਦੇ ਹੋ।

ਇਹ ਜਾਣਨ ਲਈ ਕਿ ਕੀ ਤੁਸੀਂ ਫੈਮਿਲੀ ਲਾਅ ਸੈਂਟਰ ਤੋਂ ਮਦਦ ਲੈਣ ਦੇ ਯੋਗ ਹੋ, ਹੁਣੇ ਕਾਲ ਕਰੋ।



## ਫੈਮਿਲੀ ਲਾਅ ਸੈਂਟਰ ਕਿਵੇਂ ਕੰਮ ਕਰਦਾ ਹੈ

(How the Family Law Centre works)

ਵਕੀਲ:

- ਤੁਹਾਡੇ ਪਰਿਵਾਰਕ ਕਾਨੂੰਨ (ਫੈਮਿਲੀ ਲਾਅ) ਦੇ ਮਾਮਲਿਆਂ ਨੂੰ ਨਿਪਟਾਉਣ ਲਈ ਤੁਹਾਨੂੰ ਪੂਰੀ ਕਾਨੂੰਨੀ ਨੁਮਾਇੰਦਗੀ ਪ੍ਰਦਾਨ ਕਰ ਸਕਦਾ/ਸਕਦੀ ਹੈ; ਅਤੇ
- ਹੋਰ ਸੰਬੰਧਿਤ ਕਾਨੂੰਨੀ ਅਤੇ ਕਾਨੂੰਨ ਨਾਲ ਸੰਬੰਧ ਨਾ-ਰੱਖਣ ਵਾਲੇ (ਨੌਨ-ਲੀਗਲ) ਮਾਮਲਿਆਂ ਵਿੱਚ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ।

ਐਡਵੋਕੇਟ:

- ਤੁਹਾਡੇ ਲਈ ਸੰਪਰਕ ਦਾ ਮੁੱਖ ਸ੍ਰੋਤ ਬਣ ਸਕਦਾ/ਸਕਦੀ ਹੈ, ਸਵਾਲਾਂ ਦੇ ਜਵਾਬ ਦੇ ਸਕਦਾ/ਸਕਦੀ ਹੈ ਅਤੇ ਜਾਣਕਾਰੀ ਪ੍ਰਦਾਨ ਕਰ ਸਕਦਾ/ਸਕਦੀ ਹੈ;
- ਤੁਹਾਡੇ ਨਾਲ ਮੀਟਿੰਗਾਂ ਅਤੇ ਅਪੁਆਇੰਟਮੈਂਟਾਂ `ਤੇ ਜਾ ਸਕਦਾ/ਸਕਦੀ ਹੈ; ਅਤੇ
- ਤੁਹਾਨੂੰ ਕਾਉਂਸਲਿੰਗ, ਮੂਲਵਾਸੀਆਂ ਲਈ ਸਭਿਆਚਾਰਕ ਸਮਰਥਨ, ਮਾਪਿਆਂ ਦੀ ਸਹਾਇਤਾ ਕਰਨ ਵਾਲੇ ਪ੍ਰੋਗਰਾਮਾਂ, ਸੈਟਲਮੈਂਟ ਸੇਵਾਵਾਂ ਅਤੇ ਪੀੜਤਾਂ ਲਈ ਸੇਵਾਵਾਂ ਵਰਗੀਆਂ ਹੋਰ ਸੇਵਾਵਾਂ ਨਾਲ ਜੋੜ ਸਕਦਾ/ਸਕਦੀ ਹੈ।

## ਫੈਮਿਲੀ ਲਾਅ ਸੈਂਟਰ ਕੀ ਹੈ?

(What is the Family Law Centre?)

ਫੈਮਿਲੀ ਲਾਅ ਸੈਂਟਰ **Legal Aid BC** ਦਾ ਇਕ ਪ੍ਰੋਗਰਾਮ ਹੈ। ਇਹ ਇਕ ਮੁਫਤ ਸੇਵਾ ਹੈ ਅਤੇ ਉਹਨਾਂ ਲੋਕਾਂ, ਜਿਹਨਾਂ ਨਾਲ ਪਰਿਵਾਰਕ ਹਿੰਸਾ ਵਾਪਰੀ ਹੈ, ਦੀ ਕਾਨੂੰਨੀ ਅਤੇ ਕਾਨੂੰਨ ਨਾਲ ਸੰਬੰਧ ਨਾ-ਰੱਖਣ ਵਾਲੇ (ਨੌਨ-ਲੀਗਲ) ਮਾਮਲਿਆਂ ਨੂੰ ਨਿਪਟਾਉਣ ਵਿੱਚ ਮਦਦ ਕਰਦੀ ਹੈ।

## ਫੈਮਿਲੀ ਲਾਅ ਸੈਂਟਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ?

(How can the Family Law Centre help you?)

ਅਸੀਂ ਤੁਹਾਡੇ ਪਰਿਵਾਰਕ ਕਾਨੂੰਨ (ਫੈਮਿਲੀ ਲਾਅ) ਦੇ ਸਾਰੇ ਕੇਸ ਦੌਰਾਨ ਕਾਨੂੰਨੀ ਨੁਮਾਇੰਦਗੀ ਅਤੇ ਮਦਦ ਪ੍ਰਦਾਨ ਕਰਾਂਗੇ। ਆਪਣੇ ਕਾਨੂੰਨੀ ਅਤੇ ਕਾਨੂੰਨ ਨਾਲ ਸੰਬੰਧ ਨਾ-ਰੱਖਣ ਵਾਲੇ (ਨੌਨ-ਲੀਗਲ) ਮਾਮਲਿਆਂ ਵਿੱਚ ਸਥਿਰਤਾ ਬਣਾਉਣ ਵਿੱਚ ਮਦਦ ਲੈਣ ਲਈ ਤੁਸੀਂ ਇਕ ਵਕੀਲ ਅਤੇ ਐਡਵੋਕੇਟ ਨਾਲ ਕੰਮ ਕਰੋਗੇ।

## ਕੀ ਤੁਸੀਂ ਇਸ ਤਰ੍ਹਾਂ ਦੀ ਮਦਦ ਲੈਣ ਦੇ ਯੋਗ ਹੋ?

(Are you eligible for this kind of help?)

ਇਸ ਪ੍ਰੋਗਰਾਮ ਦੀਆਂ ਸੇਵਾਵਾਂ ਲੈਣ ਦੇ ਚਾਹਵਾਨਾਂ ਨੂੰ **Legal Aid BC** ਨਾਲ ਸਿੱਧਾ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਨਟੇਕ ਸਟਾਫ ਕਾਨੂੰਨੀ ਮਾਮਲਿਆਂ ਅਤੇ ਇਸ ਗੱਲ ਦਾ ਮੁੱਲਾਂਕਣ ਕਰਨ ਲਈ ਹਾਜ਼ਰ ਹੈ ਕਿ ਕੀ ਕੋਈ ਵਿਅਕਤੀ ਇਸ ਪ੍ਰੋਗਰਾਮ ਜਾਂ **Legal Aid BC** ਦੀਆਂ ਹੋਰ ਸੇਵਾਵਾਂ ਲੈਣ ਦੇ ਯੋਗ ਹੈ ਜਾਂ ਨਹੀਂ।

ਜਦੋਂ ਤੁਸੀਂ ਲੀਗਲ ਏਡ ਲਈ ਅਰਜ਼ੀ ਦਿੰਦੇ ਹੋ ਜਾਂ ਕਿਸੇ ਵਕੀਲ ਨਾਲ ਗੱਲ ਕਰਦੇ ਹੋ ਤਾਂ ਕਿਸੇ ਦੁਭਾਸ਼ੀਏ (ਜਾਂ ਜੇ ਲੋੜ ਹੋਵੇ ਤਾਂ ਕਿਸੇ ਅਨੁਵਾਦਕ) ਤੋਂ ਮਦਦ ਮਿਲ ਸਕਦੀ ਹੈ।